





# Orientation to Ontario

## ਵੱਡੀ ਉਮਰ ਦੇ ਲੋਕਾਂ ਨਾਲ ਦੁਰਵਿਹਾਰ

ਵੱਡੀ ਉਮਰ ਦੇ ਲੋਕ ਅਕਸਰ ਪਰਿਵਾਰ ਦੇ ਮੈਂਬਰਾਂ ਅਤੇ ਕੇਅਰਗਿਵਰਾਂ 'ਤੇ ਨਿਰਭਰ ਹੁੰਦੇ ਹਨ। ਵੱਡੀ ਉਮਰ ਦੇ ਲੋਕਾਂ ਨਾਲ ਦੁਰਵਿਹਾਰ ਉਦੋਂ ਹੁੰਦਾ ਹੈ, ਜਦੋਂ ਇੱਕ ਵੱਡੀ ਉਮਰ ਦੇ ਵਿਅਕਤੀ ਨਾਲ ਉਸਦੇ ਕਿਸੇ ਨਜ਼ਦੀਕੀ ਵਲੋਂ ਦੁਰਵਿਹਾਰ ਕੀਤਾ ਜਾਂਦਾ ਹੈ ਜਾਂ ਉਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਪਰਿਵਾਰ ਦੇ ਮੈਂਬਰ ਜਾਂ ਪਰਿਵਾਰ ਤੋਂ ਬਾਹਰੀ ਲੋਕ ਵੱਡੀ ਉਮਰ ਦੇ ਲੋਕਾਂ ਨਾਲ ਦੁਰਵਿਵਹਾਰ ਕਰ ਸਕਦੇ ਹਨ। ਵੱਡੀ ਉਮਰ ਦੇ ਵਿਅਕਤੀ ਨਾਲ ਸਰੀਰਕ, ਜਜ਼ਬਾਤੀ, ਜਿਨਸੀ ਜਾਂ ਮਾਲੀ ਦੁਰਵਿਵਹਾਰ ਕੀਤਾ ਜਾ ਸਕਦਾ ਹੈ, ਇਸ ਵਿੱਚ ਨਜ਼ਰਅੰਦਾਜ਼ ਕਰਨਾ ਵੀ ਸ਼ਾਮਿਲ ਹੁੰਦਾ ਹੈ।

ਸਰੀਰਕ ਦੁਰਵਿਵਹਾਰ ਵਿੱਚ ਕੋਈ ਵੀ ਕਾਰਵਾਈ ਸ਼ਾਮਿਲ ਹੋ ਸਕਦੀ ਹੈ, ਜਿਸ ਨਾਲ ਨੁਕਸਾਨ ਜਾਂ ਤਣਾਅ ਹੁੰਦਾ ਹੈ:

- ਥੱਪੜ ਮਾਰਣਾ, ਮਾਰਣਾ, ਧੱਕਾ ਮਾਰਣਾ, ਹਿਲਾਉਣਾ, ਧੁੱਸ ਮਾਰਣਾ ਜਾਂ ਬੰਦਸ਼ ਲਾਉਣਾ
- ਗ਼ੈਰਜ਼ਰੂਰੀ ਸਰੀਰਕ ਬੰਦਸ਼ਾਂ ਲਾਉਣੀਆਂ
- ਦਵਾਈਆਂ ਨਾ ਦੇਣੀਆਂ ਜਾਂ ਕਿਸੇ ਨੂੰ ਬਹੁਤ ਜ਼ਿਆਦਾ ਦਵਾਈਆਂ ਦੇਣੀਆਂ
- ਭੋਜਨ ਨਾ ਦੇਣਾ ਜਾਂ ਚੰਗਾ ਭੋਜਨ ਨਾ ਦੇਣਾ
- ਜ਼ਬਰਦਸਤੀ ਖੁਆਉਣਾ ਜਾਂ ਜ਼ਬਰਦਸਤੀ ਦਵਾਈ ਦੇਣੀ

ਜਜ਼ਬਾਤੀ ਜਾਂ ਮਨੋਵਿਗਿਆਨਕ ਦੁਰਵਿਵਹਾਰ ਵਿੱਚ ਕਈ ਤਰ੍ਹਾਂ ਦੇ ਵਤੀਰੇ ਸ਼ਾਮਿਲ ਹੁੰਦੇ ਹਨ:

- ਕਿਸੇ ਨਾਲ ਚਾਲਬਾਜ਼ੀ ਕਰਨ ਲਈ ਧਮਕਾਉਣਾ ਜਾਂ ਡਰਾਉਣਾ
- ਕਿਸੇ ਨੂੰ ਉਹਨਾਂ ਦੇ ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਨਾ ਮਿਲਣ ਦੇਣਾ
- ਕਿਸੇ ਨੂੰ ਫ਼ੈਸਲੇ ਕਰਨ ਤੋਂ ਰੋਕਣਾ ਜਾਂ ਉਹਨਾਂ ਨਾਲ ਬੱਚੇ ਵਾਂਗ ਵਿਹਾਰ ਕਰਨਾ
- ਕਿਸੇ ਨੂੰ ਉਹਨਾਂ ਨੂੰ ਨਰਸਿੰਗ ਹੋਮ ਤੋਂ ਕੱਢਣ ਜਾਂ ਹਟਾਉਣ ਲਈ ਧਮਕਾਉਣਾ
- ਕਿਸੇ ਅਜਿਹੇ ਸ਼ਖ਼ਸ ਨਾਲ ਚਾਲਬਾਜ਼ੀ ਕਰਨਾ, ਜੋ ਚੇਤਾ ਖੁੰਝਣ ਜਾਂ ਦਿਮਾਗ਼ੀ ਕਮਜ਼ੋਰੀ ਦਾ ਸਾਹਮਣਾ ਕਰ ਰਿਹਾ/ਰਹੀ ਹੈ।

ਜਿਨਸੀ ਦੁਰਵਿਵਹਾਰ ਵੀ ਵੱਡੀ ਉਮਰ ਦੇ ਲੋਕਾਂ ਨਾਲ ਦੁਰਵਿਵਹਾਰ ਕਰਨ ਦੀ ਇੱਕ ਕਿਸਮ ਹੈ। ਜਿਨਸੀ ਦੁਰਵਿਵਹਾਰ ਵਿੱਚ ਕਿਸੇ ਕਿਸਮ ਦੀ ਅਣਚਾਹੀ ਜਿਨਸੀ ਖੁੱਲ੍ਹ ਜਾਂ ਵਿਹਾਰ ਸ਼ਾਮਿਲ ਹੁੰਦਾ ਹੈ। ਨਰਸਿੰਗ ਹੋਮ ਵਿਚਲੇ ਵੱਡੀ ਉਮਰ ਦੇ ਲੋਕ, ਉਸ ਨਰਸਿੰਗ ਹੋਮ ਵਿੱਚ ਵਰਕਰਾਂ ਨਾਲ ਜਿਨਸੀ ਸਰਗਰਮੀ ਲਈ ਕਾਨੂੰਨੀ ਤੌਰ 'ਤੇ ਸਹਿਮਤੀ ਨਹੀਂ ਦੇ ਸਕਦੇ।

ਮਾਲੀ ਦੁਰਵਿਵਹਾਰ

ਮਾਲੀ ਦੁਰਵਿਵਹਾਰ ਵੱਡੀ ਉਮਰ ਦੇ ਲੋਕਾਂ ਨਾਲ ਦੁਰਵਿਵਹਾਰ ਕਰਨ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ ਹੈ ਅਤੇ ਇਸ ਵਿੱਚ ਕਈ ਵੱਖ-ਵੱਖ ਕਾਰਵਾਈਆਂ ਜਾਂ ਵਿਹਾਰ ਸ਼ਾਮਿਲ ਹੋ ਸਕਦੇ ਹਨ:

- ਵੱਡੀ ਉਮਰ ਦੇ ਵਿਅਕਤੀ ਨੂੰ ਆਪਣੀਆਂ ਖ਼ੁਦ ਦੀਆਂ ਰਕਮਾਂ 'ਤੇ ਕੰਟਰੋਲ ਨਾ ਕਰਨ ਦੇਣਾ
- ਵੱਡੀ ਉਮਰ ਦੇ ਵਿਅਕਤੀ ਨਾਲ ਚਾਲਬਾਜ਼ੀ ਕਰਨੀ, ਤਾਂ ਜੋ ਉਹ ਤੁਹਾਨੂੰ ਪੈਸਾ ਦੇਣ
- ਵੱਡੀ ਉਮਰ ਦੇ ਵਿਅਕਤੀ ਦੀ ਮੰਜ਼ੂਰੀ ਤੋਂ ਬਿਨਾ ਉਸਦਾ ਸਮਾਨ ਵੇਚਣਾ
- ਫ਼ੰਡ ਰੋਕਣੇ ਜਾਂ ਦੁਰਵਰਤੋਂ ਕਰਨੀ, ਜਿਹਨਾਂ ਦਾ ਪ੍ਰਬੰਧ ਤੁਸੀਂ ਵੱਡੀ ਉਮਰ ਦੇ ਵਿਅਕਤੀ ਲਈ ਕਰਦੇ ਹੋ
- ਕਿਸੇ ਨੂੰ ਧਮਕੀ ਦੇਕੇ ਜਾਂ ਡਰਾ-ਧਮਕਾ ਕੇ ਆਪਣੀ ਵਸੀਅਤ ਬਦਲਣ ਲਈ ਦਬਾਅ ਪਾਉਣਾ
- ਕਿਸੇ ਦੇ ਨਾਂ 'ਤੇ ਜਾਅਲੀ ਦਸਤਾਵੇਜ਼ ਬਣਾਉਣੇ

ਵੱਡੀ ਉਮਰ ਦੇ ਵਿਅਕਤੀ ਨੂੰ ਨਜ਼ਰਅੰਦਾਜ਼ ਕਰਨਾ ਇੱਕ ਆਮ ਰੂਪ ਹੈ ਅਤੇ ਇਸ ਵਿੱਚ ਸਰੀਰਕ ਅਤੇ ਜਜ਼ਬਾਤੀ ਦੁਰਵਿਵਹਾਰ ਦੀਆਂ ਕਾਰਵਾਈਆਂ ਸ਼ਾਮਿਲ ਹਨ। ਜਦੋਂ ਕੇਅਰਗਿਵਰ ਵੱਡੀ ਉਮਰ ਦੇ ਲੋਕਾਂ ਦੀਆਂ ਸਰੀਰਕ, ਮੈਡੀਕਲ ਜਾਂ ਜਜ਼ਬਾਤੀ ਜ਼ਰੂਰਤਾਂ ਪੂਰੀਆਂ ਨਹੀਂ ਕਰਦੇ, ਤਾਂ ਉਹ ਵੱਡੀ ਉਮਰ ਦੇ ਵਿਅਕਤੀ ਨਾਲ ਦੁਰਵਿਵਹਾਰ ਕਰ ਰਹੇ ਹੁੰਦੇ ਹਨ।

ਕਿਉਂਕਿ ਵੱਡੀ ਉਮਰ ਦੇ ਲੋਕ ਆਪਣੇ ਪਰਿਵਾਰ ਅਤੇ ਕੇਅਰਗਿਵਰਾਂ 'ਤੇ ਨਿਰਭਰ ਹੁੰਦੇ ਹਨ, ਇਸ ਕਰਕੇ ਅਕਸਰ ਉਹ ਦੁਰਵਿਵਹਾਰ ਬਾਰੇ ਦੱਸਣ ਤੋਂ ਡਰਦੇ ਹਨ।

**ਮਦਦ ਲੱਭਣੀ**

ਵੱਡੀ ਉਮਰ ਦੇ ਦੁਰਵਿਵਹਾਰ ਦੇ ਸ਼ਿਕਾਰ ਲੋਕ ਮਦਦ ਲਈ ਸੀਨੀਅਰ ਸੇਫ਼ਟੀ ਲਾਈਨ – 1-866-299-1011 'ਤੇ ਕਾਲ ਕਰ ਸਕਦੇ ਹਨ।

ਜੇ ਤੁਹਾਨੂੰ ਵੱਡੀ ਉਮਰ ਦੇ ਵਿਅਕਤੀ ਨਾਲ ਦੁਰਵਿਵਹਾਰ ਹੋਣ ਦਾ ਸ਼ੱਕ ਹੈ, ਤਾਂ ਤੁਸੀਂ ਇਸ ਬਾਰੇ ਪੁਲਿਸ ਨੂੰ ਰਿਪੋਰਟ ਕਰ ਸਕਦੇ ਹੋ। ਪੁਲਿਸ ਪੜਤਾਲ ਕਰੇਗੀ ਅਤੇ ਪੀੜਤ ਦੀ ਮਦਦ ਕਰੇਗੀ। ਹਾਲਾਂਕਿ, ਵੱਡੀ ਉਮਰ ਦੇ ਦੁਰਵਿਵਹਾਰ ਦੇ ਸ਼ਿਕਾਰ ਕਿਉਂਕਿ ਬਾਲਗ਼ ਹੁੰਦੇ ਹਨ, ਇਸ ਕਰਕੇ ਉਹ ਉਸ ਮਦਦ ਨੂੰ ਲੈਣ ਤੋਂ ਮਨ੍ਹਾ ਕਰ ਸਕਦੇ ਹਨ।

ਕਾਨੂੰਨ ਅਨੁਸਾਰ ਵੱਡੀ ਉਮਰ ਦੇ ਵਿਅਕਤੀ ਨਾਲ ਦੁਰਵਿਵਹਾਰ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਹੈ, ਜਦ ਤੱਕ ਕਿ ਪੀੜਤ ਨਰਸਿੰਗ ਹੋਮ ਜਾਂ ਕਿਸੇ ਹੋਰ ਸਿਹਤ-ਸੰਭਾਲ ਸਹੂਲਤ ਵਿੱਚ ਨਹੀਂ ਰਹਿੰਦਾ।


1-855-626-0002
https://settlement.org/o2o







Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario